Punjabi/ਪੰਜਾਬੀ

# ਇੰਡੀਆ ਨੂੰ ਫ਼ੋਨ ਕਰਨ ਸਮੇਂ ਮਹੱਤਵਪੂਰਨ ਜਾਣਕਾਰੀ

ਨਵੀਂ ਦਿੱਲੀ, ਇੰਡੀਆ ਨੂੰ ਫ਼ੋਨ ਕਰਦੇ ਸਮੇਂ ਹਰ ਸਾਲ ਹਜ਼ਾਰਾਂ ਹੀ ਵਸਨੀਕਾਂ ਵਲੋਂ ਅਚਨਚੇਤ 9-1-1 ਨੰਬਰ ਮਿਲ ਜਾਂਦਾ ਹੈ। ਇਹ ਇਸ ਲਈ ਹੁੰਦਾ ਹੈ, ਕਿਉਂਕਿ ਇੰਡੀਆ ਦਾ ਏਰੀਆ ਕੋਡ "91" ਹੈ ਅਤੇ ਨਵੀਂ ਦਿੱਲੀ ਦਾ ਸਿਟੀ ਕੋਡ "11" ਹੈ। ਇਹ ਦੇਖਣ ਨੂੰ ਕਿੰਨਾ ਸਰਲ ਹੈ ਕਿ ਇੰਟਰਨੈਸ਼ਨਲ ਨੰਬਰ ਮਿਲਾਉਂਦਿਆਂ, ਦੇਸ਼ ਅਤੇ ਸਿਟੀ ਕੋਡ ਤੋਂ ਪਹਿਲਾਂ ਪ੍ਰੀਫਿਕਸ "011" ਡਾਇਲ ਕਰਨਾ ਭੁੱਲ ਕੇ ਕੋਈ ਵੀ ਸੌਖਿਆਂ ਹੀ 9-1-1 ਅਚਨਚੇਤ ਡਾਇਲ ਕਰ ਸਕਦਾ ਹੈ। ਕਿਰਪਾ ਕਰਕੇ ਪਹਿਲਾਂ "011" ਡਾਇਲ ਕਰਨਾ ਚੇਤੇ ਰੱਖੋ।

ਜੇ ਤੁਸੀਂ 9-1-1 ਅਚਨਚੇਤ ਡਾਇਲ ਕਰ ਦਿੱਤਾ ਹੈ ਤਾਂ ਲਾਈਨ ਉੱਪਰ ਹੀ ਰਹੋ ਅਤੇ ਕਾਲ-ਟੇਕਰ ਨੂੰ ਇਸ ਭੁਲੇਖੇ ਬਾਰੇ ਦੱਸ ਦਿਉ। ਜੇ ਤੁਸੀਂ ਫ਼ੋਨ ਰੱਖ ਦਿੰਦੇ ਹੋ ਤਾਂ ਕਾਲ-ਟੇਕਰ ਨੂੰ ਤੁਹਾਨੂੰ ਮੁੜ ਫ਼ੋਨ ਕਰਨਾ ਪਏਗਾ। ਜੇ ਕਾਲ-ਟੇਕਰ ਤੁਹਾਡੇ ਤੱਕ ਨਹੀਂ ਪਹੁੰਚ ਸਕਦਾ ਜਾਂ ਤੁਹਾਡਾ ਫ਼ੋਨ ਬਿਜ਼ੀ ਹੁੰਦਾ ਹੈ ਤਾਂ ਕਾਲ-ਟੇਕਰ ਨੂੰ ਪੁਲਿਸ ਭੇਜਣੀ ਪਏਗੀ।

ਭੁੱਲ-ਭੁਲੇਖੇ ਡਾਇਲ ਹੋਈਆਂ ਕਾਲਜ਼ ਕਾਰਨ ਐਮਰਜੈਂਸੀ ਲਾਈਨਜ਼ ਅਤੇ ਪੁਲਿਸ ਸਰੋਤ ਰੁੱਝ ਜਾਂਦੇ ਹਨ। ਤੁਹਾਡੇ ਸਹਿਯੋਗ ਲਈ ਆਪ ਜੀ ਦਾ ਧੰਨਵਾਦ!

Revised August 27, 2007